ਪ੍ਰਾਦੇਸ਼ਿਕ ਦਿਹਾਤੀ ਵਿਕਾਸ ਸੰਸਥਾ
ਵਿਕਾਸ ਭਵਨ, ਪਲਾਟ ਨੰ: 1, ਸੈਕਟਰ-62, ਫੇਜ-8
ਐਸ.ਏ.ਐਸ ਨਗਰ ਮੋਹਾਲੀ
ਫੋਨ ਤੇ ਫੈਕਸ: 0172-2231749 ਈ-ਮੇਲ: sirdpb@gmail.com

ਨੰਬਰ : 552-54/S.I.R.D ਮਿਤੀ: 11/3/11

ਵੱਲ

ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਹੁਸ਼ਿਆਰਪੁਰ
ਜਿਲ੍ਹਾ ਪ੍ਰੀਸ਼ਦ ਉਪ ਕਾਰਜਕਾਰੀ ਅਫਸਰ, ਹੁਸ਼ਿਆਰਪੁਰ
ਸਮੂੰਹ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਹੁਸ਼ਿਆਰਪੁਰ

ਵਿਸ਼ਾ-: **ਬੀ.ਆਰ.ਜੀ.ਐਫ ਸਮਰੱਥਾ ਨਿਰਮਾਣ ਪ੍ਰੋਗਰਾਮ (2010-11) ਦੇ ਅੰਤਰਗਤ ਪੰਚਾਇਤੀ ਰਾਜ ਸੰਸਥਾਵਾਂ (ਗ੍ਰਾਮ ਪੰਚਾਇਤਾਂ, ਪੰਚਾਇਤ ਸੰਮਤੀਆ ਅਤੇ ਜਿਲ੍ਹਾ ਪ੍ਰੀਸ਼ਦ ਦੇ ਨੁੰਮਾਇੰਦਿਆਂ ਅਤੇ ਅਧਿਕਾਰੀਆਂ/ਕਰਮਚਾਰੀਆਂ ਨੂੰ ਟ੍ਰੇਨਿੰਗ ਦੇਣ ਅਤੇ ਗ੍ਰਾਮ ਸਭਾਵਾਂ ਦੇ ਮੈਂਬਰਾਂ ਲਈ ਜਾਗਰੂਕਤਾ ਮੁਹਿੰਮ ਚਲਾਉਣ ਸਬੰਧੀ ।**

ਪੰਜਾਬ ਸਰਕਾਰ ਦੇ ਦਿਹਾਤੀ ਵਿਕਾਸ ਅਤੇ ਪੰਚਾਇਤ ਵਿਭਾਗ ਅਤੇ ਪ੍ਰਾਦੇਸ਼ਿਕ ਦਿਹਾਤੀ ਵਿਕਾਸ ਸੰਸਥਾ ਵਲੋਂ **ਬੀ.ਆਰ.ਜੀ.ਐਫ ਸਮਰੱਥਾ ਨਿਰਮਾਣ ਪ੍ਰੋਗਰਾਮ** (2010-11) ਦੇ ਅੰਤਰਗਤ **ਦਿਹਾਤੀ ਅਤੇ ਸਨਅਤੀ ਵਿਕਾਸ ਖੋਜ ਸੰਸਥਾ** (ਕਰਿੱਡ), **ਚੰਡੀਗੜ੍ਹ** ਨੂੰ ਦੋ ਗਤੀਵਿਧੀਆਂ: (ੳ) ਪੰਚਾਇਤੀ ਰਾਜ ਸੰਸਥਾਵਾਂ (ਗ੍ਰਾਮ ਪੰਚਾਇਤਾਂ, ਪੰਚਾਇਤ ਸੰਮਤੀਆ ਅਤੇ ਜਿਲ੍ਹਾ ਪ੍ਰੀਸ਼ਦ ਦੇ ਨੁੰਮਾਇੰਦਿਆਂ ਅਤੇ ਅਧਿਕਾਰੀਆਂ/ਕਰਮਚਾਰੀਆਂ ਦੇ ਸਮਰਥਾ ਨਿਰਮਾਣ ਅਤੇ (ਅ) ਗ੍ਰਾਮ ਸਭਾ ਪੱਧਰੀ ਜਾਗਰੂਕਤਾ ਮੁਹਿੰਮ ਚਲਾਉਣ ਲਈ ਕਿਹਾ ਗਿਆ ਹੈ ।

**ਪਹਿਲੀ ਗਤੀਵਿਧੀ** ਦੇ ਅੰਤਰਗਤ ਪੰਚਾਇਤੀ ਰਾਜ ਸੰਸਥਾਵਾਂ ਦੇ ਚੁਣੇ ਨੁੰਮਾਇੰਦਿਆਂ ਲਈ **ਵਿਭਿਨ ਪੱਧਰਾਂ ਉਪਰ ਚਾਰ ਰੋਜ਼ਾ ਸਿੱਖਿਆ ਅਤੇ ਟ੍ਰੇਨਿੰਗ ਪ੍ਰੋਗਰਾਮ** ਚਲਾਏ ਜਾਣੇ ਹਨ। ਇਸ ਟ੍ਰੇਨਿੰਗ ਦੌਰਾਨ ਚੁਣੇ ਨੁੰਮਾਇੰਦਿਆਂ ਅਤੇ ਇਹਨਾਂ ਸੰਸਥਾਵਾਂ ਨਾਲ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਨੂੰ ਬੀ.ਆਰ.ਜੀ.ਐਫ ਸਕੀਮ ਦੇ ਨਾਲੋਂ-ਨਾਲ ਸਰਕਾਰੀ ਨਿਯਮਾਂ/ਰੂਲਾਂ ਅਤੇ ਦਿਹਾਤੀ ਵਿਕਾਸ ਸਕੀਮਾਂ ਬਾਬਤ ਜਾਣਕਾਰੀ ਦੇਣ ਅਤੇ ਨੁੰਮਾਇੰਦਿਆਂ ਵਲੋਂ ਦਿਹਾਤੀ ਵਿਕਾਸ ਪ੍ਰੋਗਰਾਮਾਂ ਵਿਚ ਪ੍ਰਭਾਵਸ਼ਾਲੀ ਭੂਮਿਕਾ ਨਿਭਾਉਣ ਲਈ ਜਿਲ੍ਹੇ ਦੇ ਸਾਰੇ 10 ਬਲਾਕਾਂ ਵਿਚ ਟ੍ਰੇਨਿੰਗ ਪ੍ਰੋਗਰਾਮ, ਮਿਤੀ 21.03.2011 ਤੋਂ, ਆਯੋਜਿਤ ਕੀਤੇ ਜਾ ਰਹੇ ਹਨ । ਗ੍ਰਾਮ ਪੰਚਾਇਤਾਂ ਦੇ ਨੁੰਮਾਇੰਦਿਆਂ ਅਤੇ ਕਰਮਚਾਰੀਆਂ ਲਈ ਬਲਾਕ/ਕਲਸਟਰ ਪੰਚਾਇਤ ਦੇ ਪੱਧਰ ਉਤੇ, ਪੰਚਾਇਤ ਸੰਮਤੀਆਂ ਦੇ ਨੁੰਮਾਇੰਦਿਆਂ ਅਤੇ ਕਰਮਚਾਰੀਆਂ ਲਈ ਬਲਾਕ ਪੱਧਰ ਉਤੇ ਅਤੇ ਜਿਲ੍ਹਾ ਪ੍ਰੀਸ਼ਦ ਦੇ ਨੁੰਮਾਇੰਦਿਆਂ ਅਤੇ ਕਰਮਚਾਰੀਆਂ ਲਈ ਜਿਲ੍ਹਾ ਪੱਧਰ ਤੇ ਟ੍ਰੇਨਿੰਗ ਦਿਤੀ ਜਾਣੀ ਹੈ । ਯਾਦ ਰਹੇ ਕਿ ਅਜੋਕੇ ਸਮੇਂ ਵਿਚ ਪੰਚਾਇਤੀ ਰਾਜ ਸੰਸਥਾਵਾਂ ਨੂੰ ਵਧੇਰੇ ਕਾਰਜਸ਼ੀਲ ਅਤੇ ਚੁਸਤ ਫੁਰਤ ਬਣਾਉਣ, ਨੁੰਮਾਇੰਦਿਆਂ ਨੂੰ ਆਪਣੇ ਅਧਿਕਾਰਾਂ ਦੀ ਵਰਤੋਂ ਕਰਨ, ਪ੍ਰਸ਼ਾਸ਼ਨ ਵਿੱਚ ਉਹਨਾਂ ਦੀ ਭਾਗੀਦਾਰੀ ਵਧਾਉਣ ਅਤੇ ਲੋਕਾਂ ਪ੍ਰਤੀ ਆਪਣੇ ਫਰਜ਼ਾਂ ਅਤੇ ਕਰਤੱਵਾਂ ਬਾਬਤ ਜਾਣੂ ਕਰਵਾਉਣ ਲਈ ਟ੍ਰੇਨਿੰਗ ਦੀ ਬਹੁਤ ਅਹਿਮੀਅਤ ਅਤੇ ਜਰੂਰਤ ਹੈ ।

**ਦੂਸਰੀ ਗਤੀਵਿਧੀ** ਦੇ ਅੰਤਰਗਤ ਹਰ ਬਲਾਕ ਦੇ ਚੁਣਵੇਂ ਪਿੰਡਾਂ ਵਿਚ **ਗ੍ਰਾਮ ਸਭਾ ਪੱਧਰੀ ਜਾਗਰੂਕਤਾ ਮੁਹਿੰਮ** ਵੀ ਚਲਾਈ ਜਾਣੀ ਹੈ । ਇਸ ਤੋਂ ਇਲਾਵਾ ਪ੍ਰੋਜੈਕਟ ਦੀ ਪ੍ਰਕਿਰਿਆ ਦੌਰਾਨ ਜਿਲ੍ਹੇ ਨਾਲ ਸਬੰਧਤ ਪੰਚਾਇਤੀ ਰਾਜ ਸੰਸਥਾਵਾਂ ਦੇ 200 ਨੁੰਮਾਇੰਦਿਆਂ ਨੂੰ ਵਧੀਆ ਕਾਰਗੁਜਾਰੀ ਦਿਖਾ ਰਹੀਆਂ ਜਿਲ੍ਹੇ ਜਾਂ ਦੂਸਰੇ ਜਿਲ੍ਹਿਆਂ ਵਿਚਲੀਆਂ ਪੰਚਾਇਤਾਂ ਦੇ ਸਨਮੁੱਖ ਕਰਵਾਉਣ ਲਈ ਇਕ/ਦੋ ਦਿਨਾਂ ਦਾ ਦੌਰਾ ਵੀ ਕਰਵਾਇਆ ਜਾਣਾ ਹੈ । ਵਿਭਾਗ ਵਲੋਂ ਇਸ ਪ੍ਰੋਗਰਾਮ ਨੂੰ ਸੁਚਾਰੂ ਅਤੇ ਸਫਲ ਬਣਾਉਣ ਲਈ ਹੇਠ ਲਿਖੀਆਂ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:-

1. ਜ਼ਿਲ੍ਹੇ ਦਾ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਇਸ ਪ੍ਰੋਗਰਾਮ ਦੇ ਨਿਗਰਾਨ ਵਜੋਂ ਭੂਮਿਕਾ ਨਿਭਾਏਗਾ ।

2. ਜਿਲ੍ਹਾ ਪ੍ਰੀਸ਼ਦ ਦਾ ਉਪ ਕਾਰਜਕਾਰੀ ਅਫਸਰ ਇਸ ਪ੍ਰੋਗਰਾਮ ਲਈ ਨੋਡਲ ਅਫਸਰ ਵਜੋਂ ਭੂਮਿਕਾ ਅਦਾ ਕਰੇਗਾ ।

3. ਸਬੰਧਤ ਬੀ.ਡੀ.ਪੀ.ਓ ਅਤੇ ਵਿਭਾਗ ਦੇ ਕਰਮਚਾਰੀ ਇਸ ਪ੍ਰੋਗਰਾਮ ਦੀ ਸਫਲਤਾ ਨੂੰ ਯਕੀਨੀ ਬਣਾਉਣ ਲਈ ਲੋੜੀਂਦੇ ਯਤਨ ਕਰਨਗੇ ।

4. ਕਿਉਂਕਿ ਇਹ ਟ੍ਰੇਨਿੰਗ ਪ੍ਰੋਗਰਾਮ ਪੰਚਾਇਤੀ ਰਾਜ ਸੰਸਥਾਵਾਂ ਦੇ ਚੁਣੇ ਹੋਏ ਨੁੰਮਾਇੰਦਿਆਂ ਅਤੇ ਅਧਿਕਾਰੀਆ/ਕਰਮਚਾਰੀਆਂ ਲਈ ਹੈ ਇਸ ਲਈ ਉਨ੍ਹਾਂ ਸਾਰਿਆਂ ਦਾ ਇਸ ਪ੍ਰੋਗਰਾਮ ਵਿੱਚ ਭਾਗ ਲੈਣਾ ਯਕੀਨੀ ਬਣਾਇਆ ਜਾਵੇ ।

5. ਪੰਚਾਇਤੀ ਰਾਜ ਸੰਸਥਾਵਾਂ ਦੇ ਚੁਣੇ ਹੋਏ ਨੁੰਮਾਇੰਦਿਆਂ ਅਤੇ ਸਬੰਧਤ ਕਰਮਚਾਰੀਆਂ ਨੂੰ ਚਾਰ ਰੋਜ਼ਾ ਟ੍ਰੇਨਿੰਗ ਦਿੱਤੀ ਜਾਵੇਗੀ।

6. ਟ੍ਰੇਨਿੰਗ ਟੀਮ ਦੇ ਤਿੰਨ ਮੈਂਬਰ ਹੋਣਗੇ ਅਤੇ ਉਹ 9:30 ਵਜੇ ਸਵੇਰ ਤੋਂ 4:00 ਵਜੇ ਸ਼ਾਮ ਤੀਕ ਟ੍ਰੇਨਿੰਗ ਦੇ ਸਥਾਨ ਤੇ ਹਾਜ਼ਰ ਰਹਿਣਗੇ ।

7. ਟ੍ਰੇਨਿੰਗ ਦਾ ਸਮਾਂ ਸਵੇਰੇ 10:00 ਤੋਂ 3:30 ਵਜੇ ਸ਼ਾਮ ਤੀਕ ਹੋਵੇਗਾ।

8. ਬਲਾਕ ਪੱਧਰ ਤੇ ਆਯੋਜਿਤ ਕੀਤੀਆਂ ਜਾ ਰਹੀਆਂ ਚਾਰ ਰੋਜ਼ਾ ਵਰਕਸ਼ਾਪਾਂ (ਗ੍ਰਾਮ ਪੰਚਾਇਤਾਂ ਅਤੇ ਪੰਚਾਇਤ ਸੰਮਤੀਆਂ ਨਾਲ ਸਬੰਧਤ) ਵਿਚ ਹਾਜ਼ਰੀ ਯਕੀਨੀ ਬਣਾਉਣ ਦੀ ਜਿੰਮੇਵਾਰੀ ਸਬੰਧਤ ਬੀ.ਡੀ.ਪੀ.ਓ ਦੀ ਹੋਵੇਗੀ । ਹਾਜ਼ਰੀ ਯਕੀਨੀ ਬਣਾਉਣ ਲਈ ਸਬੰਧਤ ਪੰਚਾਇਤ ਸਕੱਤਰਾਂ ਨੂੰ ਹਦਾਇਤਾਂ ਕਰਨ ਦੀ ਜਿੰਮੇਵਾਰੀ ਬੀ.ਡੀ.ਪੀ.ਓ ਦੀ ਹੋਵੇਗੀ ।

9. ਟ੍ਰੇਨਿੰਗ ਦੌਰਾਨ ਕਰਿੱਡ ਵੱਲੋਂ ਹਰ ਰੋਜ਼ ਰਿਫਰੈਸ਼ਮੈਂਟ ਵਜੋਂ ਚਾਹ, ਸਮੋਸੇ, ਬਰਫੀ, ਫਲ ਜਾਂ ਹੋਰ ਕੋਈ ਖਾਣ ਵਾਲੀ ਵਸਤੂ ਵਰਕਸ਼ਾਪ ਵਿਚ ਭਾਗ ਲੈਣ ਵਾਲੇ ਹਰੇਕ ਨੁੰਮਾਇੰਦੇ ਨੂੰ ਮੁਹੱਈਆ ਕਰਵਾਈ ਜਾਵੇਗੀ। ਗ੍ਰਾਮ ਪੰਚਾਇਤ ਪੱਧਰੀ ਟ੍ਰੇਨਿੰਗ ਦੌਰਾਨ 25 ਰੁਪਏ ਪ੍ਰਤੀ ਵਿਅਕਤੀ ਪ੍ਰਤੀ ਦਿਨ, ਪੰਚਾਇਤ ਸੰਮਤੀ ਪੱਧਰ ਦੀ ਟ੍ਰੇਨਿੰਗ ਦੌਰਾਨ 35 ਰੁਪਏ ਪ੍ਰਤੀ ਵਿਅਕਤੀ ਪ੍ਰਤੀ ਦਿਨ ਅਤੇ ਜਿਲ੍ਹਾ ਪ੍ਰੀਸ਼ਦ ਪੱਧਰੀ ਟ੍ਰੇਨਿੰਗ ਦੌਰਾਨ 45 ਰੁਪਏ ਪ੍ਰਤੀ ਵਿਅਕਤੀ ਪ੍ਰਤੀ ਦਿਨ ਰਿਫਰੈਸ਼ਮੈਂਟ ਉਤੇ ਖਰਚਿਆ ਜਾਣਾ ਜਰੂਰੀ ਹੈ । ਹਰ ਨੁੰਮਾਇੰਦੇ ਨੂੰ ਟ੍ਰੇਨਿੰਗ ਕਿੱਟ (ਫਾਈਲ ਕਵਰ, ਨੋਟ ਪੈਡ, ਪੈਨ ਅਤੇ ਟ੍ਰੇਨਿੰਗ ਮੈਨੁਅਲ) ਦੇਣ ਦੀ ਜਿੰਮੇਵਾਰੀ ਕਰਿੱਡ ਸੰਸਥਾ ਦੀ ਹੋਵੇਗੀ ।

10. ਦੁਪਿਹਰ ਦੇ ਖਾਣੇ ਬਦਲੇ ਵਰਕਸ਼ਾਪ ਵਿਚ ਚਾਰੇ ਦਿਨ ਭਾਗ ਲੈਣ ਵਾਲੇ ਨੁੰਮਾਇੰਦਿਆਂ/ਕਰਮਚਾਰੀਆਂ ਨੂੰ ਚੋਥੇ ਦਿਨ ਵਰਕਸ਼ਾਪ ਦੇ ਅਖੀਰ ਵਿੱਚ ਗ੍ਰਾਮ ਪੰਚਾਇਤ ਪੱਧਰੀ ਟ੍ਰੇਨਿੰਗ ਦੌਰਾਨ 100 ਰੁਪਏ ਪ੍ਰਤੀ ਵਿਅਕਤੀ ਪ੍ਰਤੀ ਦਿਨ , ਪੰਚਾਇਤ ਸੰਮਤੀ ਪੱਧਰੀ ਟ੍ਰੇਨਿੰਗ ਦੌਰਾਨ 150 ਰੁਪਏ ਪ੍ਰਤੀ ਵਿਅਕਤੀ ਪ੍ਰਤੀ ਦਿਨ ਅਤੇ ਜਿਲ੍ਹਾ ਪ੍ਰੀਸ਼ਦ ਪੱਧਰੀ ਟ੍ਰੇਨਿੰਗ ਦੌਰਾਨ 200 ਰੁਪਏ ਪ੍ਰਤੀ ਵਿਅਕਤੀ ਪ੍ਰਤੀ ਦਿਨ ਨਕਦ ਦਿੱਤੇ ਜਾਣਗੇ । ਵਰਕਸ਼ਾਪ ਵਿਚ ਪੂਰੇ ਚਾਰ ਦਿਨ ਭਾਗ ਨਾ ਲੈਣ ਵਾਲੇ ਨੁੰਮਾਇੰਦੇ/ਕਰਮਚਾਰੀ ਨੂੰ ਖਾਣੇ-ਭੱਤੇ ਦੀ ਉਪਰੋਕਤ ਰਕਮ ਅਦਾ ਨਹੀਂ ਕੀਤੀ ਜਾਵੇਗੀ ।

11. ਟ੍ਰੇਨਿੰਗ ਦੀ ਮਿਤੀ, ਸਮਾਂ ਅਤੇ ਸਥਾਨ ਬਾਰੇ ਮੈਂਬਰਾਂ ਨੂੰ ਅਗਾਊਂ ਸੂਚਨਾ ਸਬੰਧਤ ਬੀ.ਡੀ.ਪੀ.ਓ/ਸਕੱਤਰ ਜਿਲ੍ਹਾ ਪ੍ਰੀਸ਼ਦ ਵੱਲੋਂ ਦਿੱਤੀ ਜਾਵੇਗੀ ਅਤੇ ਇਸ ਦੀ ਇਕ ਕਾਪੀ ਟ੍ਰੇਨਿੰਗ ਸ਼ੁਰੂ ਹੋਣ ਤੋਂ ਇਕ ਹਫਤਾ ਪਹਿਲਾਂ ਐਸ.ਆਈ.ਆਰ.ਡੀ ਨੂੰ ਈ-ਮੇਲ ਰਾਹੀਂ ਭੇਜਣੀ ਜਰੂਰੀ ਹੈ । ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

12. ਇਹ ਗੱਲ ਯਕੀਨੀ ਬਣਾਈ ਜਾਵੇ ਕਿ ਟ੍ਰੇਨਿੰਗ ਪੰਚਾਇਤੀ ਰਾਜ ਸੰਸਥਾਵਾਂ ਨਾਲ ਸਬੰਧਤ ਚੁਣੇ ਨੁੰਮਾਇੰਦਿਆਂ ਨੂੰ ਹੀ ਦਿੱਤੀ ਜਾਵੇ ਨਾ ਕਿ ਕਿਸੇ ਮੈਂਬਰ ਦੇ ਪਤੀ/ਪਤਨੀ ਜਾਂ ਰਿਸ਼ਤੇਦਾਰ ਨੂੰ ।

13. ਹਾਜ਼ਰੀ ਸਵੇਰੇ ਕੇਵਲ 10:00 ਤੋਂ 10:30 ਵਜੇ ਤੱਕ ਵਰਕਸ਼ਾਪ ਵਿਚ ਭਾਗ ਲੈਣ ਵਾਲੇ ਨੁੰਮਾਇੰਦਿਆਂ ਦੀ ਹੀ ਲੱਗੇਗੀ। ਇਸ ਤੋਂ ਬਾਅਦ ਲੇਟ ਆਉਣ ਵਾਲੇ ਨੁੰਮਾਇੰਦਿਆਂ/ਕਰਮਚਾਰੀਆਂ ਦੀ ਹਾਜ਼ਰੀ ਨਹੀਂ ਲੱਗੇਗੀ ।

14. ਜਿਨ੍ਹਾਂ ਮਹਿਕਮਿਆਂ ਦੇ ਕੰਮ ਪੰਚਾਇਤੀ ਰਾਜ ਸੰਸਥਾਵਾਂ ਨੂੰ ਸੌਂਪੇ ਗਏ ਹਨ, ਉਨ੍ਹਾਂ ਮਹਿਕਮਿਆਂ ਦੇ ਅਧਿਕਾਰੀਆਂ ਲਈ ਇਹਨਾਂ ਵਰਕਸ਼ਾਪਾਂ ਵਿਚ ਭਾਗ ਲੈਣਾ ਲਾਜ਼ਮੀ ਹੈ । ਉਨ੍ਹਾਂ ਦੀ ਸ਼ਮੂਲੀਅਤ ਸਬੰਧਤ ਬੀ.ਡੀ.ਪੀ.ਓ/ਸਕੱਤਰ ਜਿਲ੍ਹਾ ਪ੍ਰੀਸ਼ਦ ਵਲੋਂ ਯਕੀਨੀ ਬਣਾਈ ਜਾਵੇ ।

15. ਵੱਖੋਂ ਵੱਖਰੇ ਮਹਿਕਮਿਆਂ ਦੀਆਂ ਜ਼ਿਲ੍ਹਾ ਪੱਧਰੀ ਵਿਕਾਸ ਸਕੀਮਾਂ ਦੀ ਜਾਣਕਾਰੀ ਵਰਕਸ਼ਾਪ ਵਿਚ ਟ੍ਰੇਨਿੰਗ ਲੈ ਰਹੇ ਪ੍ਰਤੀਨਿਧੀਆਂ ਨੂੰ ਮੁਹੱਈਆ ਕਰਵਾਉਣ ਲਈ ਸਬੰਧਤ ਮਹਿਕਮੇਂ ਦੇ ਅਧਿਕਾਰੀਆਂ ਨੂੰ ਇਸ ਟ੍ਰੇਨਿੰਗ ਵਿੱਚ ਸ਼ਾਮਲ ਕੀਤਾ ਜਾਵੇ ।

16. ਇਸ ਟ੍ਰੇਨਿੰਗ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚਲਾਉਣ ਲਈ ਲੋੜੀਂਦੀ ਸੇਧ ਅਤੇ ਨਿਗਰਾਨੀ ਦੀ ਮੁੱਖ ਜਿੰਮੇਵਾਰੀ ਜਿਲ੍ਹਾ ਪ੍ਰੀਸ਼ਦ ਉਪ ਕਾਰਜਕਾਰੀ ਅਫਸਰ/ਸਕੱਤਰ ਦੀ ਹੋਵੇਗੀ ।

17. ਟ੍ਰੇਨਿੰਗ ਟੀਮ ਦੇ ਮੈਂਬਰਾਂ ਦੀ ਰਿਹਾਇਸ਼ ਜਾਂ ਟ੍ਰੇਨਿੰਗ ਨਾਲ ਸਬੰਧਤ ਕਿਸੇ ਹੋਰ ਕਿਸਮ ਦੀ ਮੱਦਦ ਵਾਸਤੇ ਜ਼ਿਲ੍ਹਾ ਅਤੇ ਬਲਾਕ ਪੱਧਰੀ ਅਧਿਕਾਰੀਆਂ ਵੱਲੋਂ ਪੂਰਾ ਸਹਿਯੋਗ ਦਿੱਤਾ ਜਾਵੇ ।

18. ਗ੍ਰਾਮ ਸਭਾ ਪੱਧਰੀ ਜਾਗਰੂਕਤਾ ਮੁਹਿੰਮ ਵਿਚ ਗ੍ਰਾਮ ਸਭਾ, ਗ੍ਰਾਮ ਪੰਚਾਇਤ ਅਤੇ ਪਿੰਡ ਪੱਧਰ ਦੀਆਂ ਦੂਸਰੀਆਂ ਸੰਸਥਾਵਾਂ ਜਿਵੇਂ ਮਹਿਲਾ ਮੰਡਲ, ਨੌਜਵਾਨ ਸਭਾ, ਆਂਗਨਵਾੜੀ, ਸਿਹਤ ਅਤੇ ਸਿੱਖਿਆ ਸੰਸਥਾਵਾਂ ਨਾਲ ਸਬੰਧਤ ਮੈਂਬਰਾਂ ਵਲੋਂ ਵੱਧ ਚੜ ਕੇ ਭਾਗ ਲੈਣ ਅਤੇ ਪ੍ਰੇਰਿਤ ਕਰਨ ਦੀ ਜਿੰਮੇਵਾਰੀ ਗ੍ਰਾਮ ਪੰਚਾਇਤ ਅਤੇ ਸਬੰਧਤ ਪੰਚਾਇਤ ਸਕੱਤਰ ਦੀ ਹੋਵੇਗੀ ।

19. ਗ੍ਰਾਮ ਸਭਾ ਪੱਧਰੀ ਮੁਹਿੰਮ ਦੇ ਆਯੋਜਨ ਦੌਰਾਨ ਕਰਿੱਡ ਸੰਸਥਾ ਲਾਊਡ ਸਪੀਕਰ, ਦਰੀਆਂ ਜੇ ਲੋੜ ਪਵੇ ਤਾਂ ਕੁਰਸੀਆਂ, ਫੋਟੋਗਰਾਫੀ, ਰਜਿਸਟ੍ਰੇਸ਼ਨ ਅਤੇ ਸਟੇਸ਼ਨਰੀ ਦੇ ਖਰਚੇ ਵਜੋਂ 700 ਰੁਪਏ ਪ੍ਰਤੀ ਮੁਹਿੰਮ ਖਰਚ ਕਰੇਗੀ ।

20. ਗ੍ਰਾਮ ਸਭਾ ਪੱਧਰੀ ਮੁਹਿੰਮ ਲਈ ਦੋ ਮੈਂਬਰੀ ਟੀਮ ਹੋਵੇਗੀ ਅਤੇ ਟੀਮ ਦੇ ਮੈਂਬਰਾਂ ਦਾ ਸਵੇਰੇ 10:00 ਵਜੇ ਤੋਂ 03:30 ਵਜੇ ਸ਼ਾਮ ਤੀਕ ਗ੍ਰਾਮ ਸਭਾ ਖੇਤਰ ਵਿਚ ਹਾਜ਼ਰ ਰਹਿਣਾ ਲਾਜ਼ਮੀ ਹੈ ।

ਟ੍ਰੇਨਿੰਗ ਦੌਰਾਨ ਕੀਤਾ ਜਾਣ ਵਾਲਾ ਖਰਚਾ ਦਿਹਾਤੀ ਅਤੇ ਸਨਅਤੀ ਵਿਕਾਸ ਖੋਜ ਸੰਸਥਾ (ਕਰਿੱਡ), ਚੰਡੀਗੜ੍ਹ ਵਲੋਂ ਕੀਤਾ ਜਾਵੇਗਾ ।

ਡਾਇਰੈਕਟਰ
ਪ੍ਰਾਦੇਸ਼ਿਕ ਦਿਹਾਤੀ ਵਿਕਾਸ ਸੰਸਥਾ
ਐਸ.ਏ.ਐਸ.ਨਗਰ ( ਮੋਹਾਲੀ )